# Visit of Minister of State for External Affairs and Parliamentary Affairs to Oman (December 16-17, 2020)

December 15, 2020

---

## ਵਿਦੇਸ਼ ਅਤੇ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਵੱਲੋਂ ਓਮਾਨ ਦਾ ਦੌਰਾ (16-17 ਦਸੰਬਰ, 2020)

15 ਦਸੰਬਰ, 2020

ਵਿਦੇਸ਼ ਅਤੇ ਸੰਸਦੀ ਮਾਮਲਿਆਂ ਬਾਰੇ ਰਾਜ ਮੰਤਰੀ ਸ੍ਰੀ ਵੀ. ਮੁਰਲੀਧਰਨ 16-17 ਦਸੰਬਰ, 2020 ਨੂੰ ਓਮਾਨ ਦੀ ਅਧਿਕਾਰਤ ਯਾਤਰਾ ਕਰਨਗੇ। ਵਿਦੇਸ਼ ਰਾਜ ਮੰਤਰੀ ਵਜੋਂ ਇਹ ਉਨ੍ਹਾਂ ਵੱਲੋਂ ਇਸ ਦੇਸ਼ ਦੀ ਪਹਿਲੀ ਯਾਤਰਾ ਹੋਵੇਗੀ। ਇਸ ਫੇਰੀ ਦੌਰਾਨ ਉਹ ਓਮਾਨ ਦੇ ਵਿਦੇਸ਼ ਮੰਤਰੀ, ਕਿਰਤ ਮੰਤਰੀ ਅਤੇ ਹੋਰ ਮੰਤਰੀਆਂ ਨਾਲ ਮੁਲਾਕਾਤ ਕਰਨਗੇ। ਉਹ ਭਾਰਤੀ ਭਾਈਚਾਰੇ ਅਤੇ ਨਵੇਂ ਬਣੇ ਓਮਾਨ-ਇੰਡੀਆ ਦੋਸਤੀ ਸੰਘ ਦੇ ਨੁਮਾਇੰਦਿਆਂ ਨਾਲ ਵੀ ਗੱਲਬਾਤ ਕਰਨਗੇ। ਵਿਦੇਸ਼ ਰਾਜ ਮੰਤਰੀ ਇੰਡੀਅਨ ਸੋਸ਼ਲ ਕਲੱਬ, ਸਮਾਜ ਸੇਵੀਆਂ, ਮੈਡੀਕਲ ਅਤੇ ਸਿੱਖਿਆ ਪੇਸ਼ੇਵਰਾਂ ਅਤੇ ਯੋਗਾ ਸੰਗਠਨਾਂ  ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕਰਨਗੇ।

ਇਸ ਫੇਰੀ ਦੌਰਾਨ ਵਿਦੇਸ਼ ਰਾਜ ਮੰਤਰੀ ਵੱਖ-ਵੱਖ ਦੁਵੱਲੇ ਮੁੱਦਿਆਂ ਦੇ ਨਾਲ-ਨਾਲ ਆਪਸੀ ਹਿਤ ਦੇ ਖੇਤਰੀ ਅਤੇ ਆਲਮੀ ਮੁੱਦਿਆਂ 'ਤੇ ਗੱਲਬਾਤ ਕਰਨਗੇ। ਉਹ ਵਿਸ਼ੇਸ਼ ਤੌਰ 'ਤੇ ਭਾਰਤੀ ਭਾਈਚਾਰੇ ਨਾਲ ਜੁੜੇ ਮੁੱਦਿਆਂ 'ਤੇ ਧਿਆਨ ਕੇਂਦਰਤ ਕਰਨਗੇ। ਓਮਾਨ ਵਿੱਚ 600,000 ਤੋਂ ਵੱਧ ਭਾਰਤੀ ਰਹਿੰਦੇ ਹਨ. ਦੋਵਾਂ ਦੇਸ਼ਾਂ ਨੇ COVID -19 ਮਹਾਂਮਾਰੀ ਨਾਲ ਨਜਿੱਠਣ ਅਤੇ ਵੰਦੇ ਭਾਰਤ ਮੁਹਿੰਮ ਦੇ ਤਹਿਤ ਓਮਾਨ ਤੋਂ ਭਾਰਤੀਆਂ ਨੂੰ ਸਲੀਕੇ ਨਾਲ ਵਤਨ ਵਾਪਸ ਲਿਆਉਣ ਲਈ ਮਿਲਜੁਲ ਕੇ ਕੰਮ ਕੀਤਾ ਹੈ। ਭਾਰਤ ਨੇ ਭੋਜਨ ਅਤੇ ਹੋਰ ਜ਼ਰੂਰੀ ਚੀਜ਼ਾਂ ਦੀ ਸਪਲਾਈ ਚੇਨ ਦਾ ਸੁਚਾਰੂ ਕੰਮ ਯਕੀਨੀ ਬਣਾਇਆ ਅਤੇ ਸਿਹਤ ਪੇਸ਼ੇਵਰਾਂ ਦੀ ਓਮਾਨ ਵਿੱਚ ਵਾਪਸੀ ਸੁਖਾਲੀ ਬਣਾਈ। ਦੋਨਾਂ ਮੁਲਕਾਂ ਦਰਮਿਆਨ ਏਅਰ ਬੱਬਲ ਵਿਵਸਥਾ ਤਹਿਤ ਉਡਾਣਾਂ ਚੱਲ ਰਹੀਆਂ ਹਨ। ਓਮਾਨ ਨੇ ਹਾਲ ਵਿੱਚ ਹੀ ਇਹ ਵੀ ਐਲਾਨ ਕੀਤਾ ਹੈ ਕਿ ਦਸ ਦਿਨਾਂ ਲਈ ਓਮਾਨ ਆਉਣ ਵਾਲੇ ਭਾਰਤੀਆਂ ਲਈ ਐਂਟਰੀ ਵੀਜ਼ੇ ਤੋਂ ਛੋਟ ਦਿੱਤੀ ਜਾਵੇਗੀ।

ਭਾਰਤ ਅਤੇ ਓਮਾਨ ਭੂਗੋਲ, ਇਤਿਹਾਸ ਅਤੇ ਸੱਭਿਆਚਾਰ ਰਾਹੀਂ ਜੁੜੇ ਹੋਏ ਹਨ ਅਤੇ ਦੋਨਾਂ ਦੇ ਨਿੱਘੇ ਅਤੇ ਸੁਹਿਰਦ ਸਬੰਧ ਹਨ. ਦੋਵੇਂ ਮੁਲਕਾਂ ਦੀ ਰਣਨੀਤਕ ਭਾਈਵਾਲੀ ਹੈ ਅਤੇ ਦੋਨਾਂ ਨੇ COVID -19 ਮਹਾਂਮਾਰੀ ਦੌਰਾਨ ਨੇੜਲੇ ਉੱਚ-ਪੱਧਰੀ ਸੰਪਰਕ ਕਾਇਮ ਰੱਖੇ ਹਨ. ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਅਪ੍ਰੈਲ, 2020 ਵਿੱਚ ਓਮਾਨ ਦੇ ਸੁਲਤਾਨ ਮਹਾਰਾਜ ਸੁਲਤਾਨ ਹੈਥਮ ਬਿਨ ਤਾਰਿਕ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਵਿਦੇਸ਼ ਮੰਤਰੀ ਨੇ 2 ਦਸੰਬਰ, 2020 ਨੂੰ ਓਮਾਨ ਦੇ ਵਿਦੇਸ਼ ਮੰਤਰੀ ਨਾਲ ਵਰਚੁਅਲ ਬੈਠਕ ਕੀਤੀ। ਅਕਤੂਬਰ, 2020 ਵਿੱਚ ਹੋਈ ਭਾਰਤ- ਓਮਾਨ ਸਾਂਝਾ ਕਮੀਸ਼ਨ ਦੀ ਬੈਠਕ ਵਿੱਚ ਦੋਨਾਂ ਮੁਲਕਾਂ ਦੇ ਵਣਜ ਮੰਤਰਾਲੇ ਤੋਂ ਮੰਤਰੀ ਪੱਧਰ ਦੀ ਸ਼ਮੂਲੀਅਤ ਹੋਈ।

ਨਵੀਂ ਦਿੱਲੀ
15 ਦਸੰਬਰ, 2020

DISCLAIMER: This is an approximate translation. The original is available in English on MEA's website and may be referred to as the official press release.